ਰਜਿਸਟਰੀ ਨੰ. ਡੀ.ਐਲ. (ਐਨ) 04/0007 / 2003—20 REGISTERED NO. DL—(N)04/0007/2003—20

# ਭਾਰਤ ਦਾ ਗਜ਼ਟ

ਸੀ.ਜੀ.-ਡੀ.ਐਲ.-ਈ.- **27092020-222040**

**CG-DL-E-27092020-222040**

ਅਸਧਾਰਣ

**EXTRAORDINARY**

ਭਾਗ II – ਅਨੁਭਾਗ 1

**PART II — Section 1**

ਅਥਾਰਿਟੀ ਵਲੋਂ ਪ੍ਰਕਾਸ਼ਤ

PUBLISHED BY AUTHORITY

ਨੰ. 45] ਨਵੀਂ ਦਿੱਲੀ, ਐਤਵਾਰ, ਸਤੰਬਰ 27, 2020 / ਅਸ਼ਵਿਨ 5, 1942 (ਸਾਕਾ)

**No. 45] NEW DELHI,** SUNDAY, SEPTEMBER 27, 2020/ASHWINA 5, 1942 (SAKA)

**ਇਸ ਭਾਗ ਵਿੱਚ ਵੱਖਰੀ ਪੰਨਾ ਸੰਖਿਆ ਦਿੱਤੀ ਜਾਂਦੀ ਹੈ ਤਾਂ ਜੋ ਇਹ ਵੱਖਰੇ ਸੰਕਲਨ ਦੇ ਰੂਪ ਵਿੱਚ ਰਖਿਆ ਜਾ ਸਕੇ।**

**Separate paging is given to this Part in order that it may be filed as a separate compilation.**

## ਕਾਨੂੰਨ ਅਤੇ ਨਿਆਂ ਮੰਤ੍ਰਾਲੇ

(ਵਿਧਾਨਕ ਵਿਭਾਗ)

ਨਵੀਂ ਦਿੱਲੀ, ਸਤੰਬਰ 27, 2020 / ਅਸ਼ਵਿਨ 5, 1942 (ਸਾਕਾ)

## ਮੁੱਲ ਬੀਮਾ ਅਤੇ ਖੇਤੀ ਸੇਵਾਵਾਂ ਉੱਤੇ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਐਕਟ, 2020

2020 ਦਾ ਨੰਬਰ 20

(ਸਤੰਬਰ 24, 2020)

ਇੱਕ ਐਕਟ ਜੋ ਖੇਤੀ ਸਮਝੌਤਿਆਂ 'ਤੇ ਰਾਸ਼ਟਰੀ ਢਾਂਚੇ ਦੀ ਵਿਵਸਥਾ ਕਰੇਗਾ ਜਿਸ ਵਿੱਚ ਕਿਸਾਨਾਂ ਨੂੰ ਖੇਤੀ-ਕਾਰੋਬਾਰ ਵਾਲੀਆਂ ਫਰਮਾਂ, ਪ੍ਰੋਸੈਸਰਾਂ, ਥੋਕ ਵਿਕ੍ਰੇਤਾਵਾਂ, ਨਿਰਯਾਤਕਾਂ ਜਾਂ ਵੱਡੇ ਪਰਚੂਨ ਵਿਕ੍ਰੇਤਾਵਾਂ ਨਾਲ ਖੇਤੀ ਸੇਵਾਵਾਂ ਅਤੇ ਭਵਿੱਖ ਦੀ ਖੇਤੀ ਉਪਜ ਦੀ ਵਿਕਰੀ 'ਤੇ ਇੱਕ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਇੱਕ ਆਪਸੀ ਸਹਿਮਤ ਮਿਹਨਤਾਨੇ ਮੁੱਲ ਢਾਂਚੇ ਵਿੱਚ ਅਤੇ ਇਸ ਨਾਲ ਜੁੜੇ ਹੋਏ ਜਾਂ ਇਸ ਨਾਲ ਇਤਫਾਕਨ ਸੰਬੰਧਿਤ ਮਾਮਲਿਆਂ ਵਿੱਚ ਕਿਸਾਨਾਂ ਦੀ ਸੁਰੱਖਿਆ ਅਤੇ ਸ਼ਕਤੀਕਰਨ ਕਰੇਗਾ।

ਇਸ ਨੂੰ ਭਾਰਤ ਦੀ ਗਣਤੰਤ੍ਰਤਾ ਦੇ ਇੱਕਹੱਤਰਵੇਂ ਵਰ੍ਹੇ ਮੌਕੇ ਵਿਚ ਸੰਸਦ ਦੁਆਰਾ ਲਾਗੂ ਕੀਤਾ ਗਿਆ ਹੈ: -

### ਅਧਿਆਇ ।

## ਪ੍ਰੀਲਿਮਿਨਰੀ

ਛੋਟਾ ਸਿਰਲੇਖ ਅਤੇ ਸ਼ੁਰੂਆਤ

**1.** (1) ਇਸ ਐਕਟ ਨੂੰ ਮੁੱਲ ਬੀਮਾ ਅਤੇ ਖੇਤੀ ਸੇਵਾਵਾਂ ਉੱਤੇ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਐਕਟ, 2020 ਕਿਹਾ ਜਾ ਸਕਦਾ ਹੈ।

(2) ਇਹ 5 ਜੂਨ, 2020 ਨੂੰ ਲਾਗੂ ਹੋਏ ਸਮਝਿਆ ਜਾਵੇਗਾ.।

ਪਰਿਭਾਸ਼ਾਵਾਂ

**2.** ਇਸ ਐਕਟ ਵਿੱਚ, ਜਦੋਂ ਤਕ ਪ੍ਰਸੰਗ ਦੀ ਹੋਰ ਜ਼ਰੂਰਤ ਨਹੀਂ ਹੁੰਦੀ—

(ੳ) "ਏਪੀਐਮਸੀ ਯਾਰਡ" ਮੱਤਲਬ ਇੱਕ ਭੌਤਿਕ ਅਹਾਤਾ ਜਿਹੜਾ ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀ ਯਾਰਡ ਨੂੰ ਕਵਰ ਕਰਦਾ ਹੈ, ਜਿਸ ਵੀ ਨਾਮ ਨਾਲ ਬੁਲਾਇਆ ਜਾਵੇ, ਕਿਸੇ ਵੀ ਰਾਜ ਐਕਟ ਦੇ ਅਧੀਨ ਬਾਜ਼ਾਰਾਂ ਨੂੰ ਨਿਯੰਤ੍ਰਿਤ ਕਰਨ ਅਤੇ ਖੇਤੀ ਉਪਜ ਦੇ ਵਪਾਰ ਲਈ ਸਥਾਪਤ;

2013 ਦਾ 1 8 (ਅ) "ਕੰਪਨੀ" ਦਾ ਅਰਥ ਉਹ ਕੰਪਨੀ ਹੈ ਜੋ ਕੰਪਨੀ ਐਕਟ, 2013 ਦੇ ਅਨੁਭਾਗ 2 ਦੀ ਧਾਰਾ (20) ਵਿੱਚ ਪਰਿਭਾਸ਼ਤ ਹੈ;

(ੲ) "ਇਲੈਕਟ੍ਰਾਨਿਕ ਵਪਾਰ ਅਤੇ ਲੈਣ-ਦੇਣ ਪਲੇਟਫਾਰਮ" ਦਾ ਮਤਲਬ ਹੈ ਕਿਸਾਨਾਂ ਉਪਜ ਦੇ ਵਪਾਰ ਅਤੇ ਵਣਜ ਲਈ ਸਿੱਧੇ ਅਤੇ ਔਨਲਾਈਨ ਖਰੀਦਣ ਅਤੇ ਵੇਚਣ ਦੀ ਸਹੂਲਤ ਲਈ ਇੱਕ ਪਲੇਟਫਾਰਮ ਸਥਾਪਤ ਕੀਤਾ ਗਿਆ ਹੈ ਜਿੱਥੇ ਇਲੈਕਟ੍ਰਾਨਿਕ ਡਿਵਾਈਸਾਂ ਅਤੇ ਇੰਟਰਨੈਟ ਐਪਲੀਕੇਸ਼ਨਾਂ ਦੇ ਨੈੱਟਵਰਕ ਦੁਆਰਾ, ਹਰ ਅਜਿਹੇ ਲੈਣ-ਦੇਣ ਦੇ ਨਤੀਜੇ ਵਜੋਂ ਕਿਸਾਨਾਂ ਦੇ ਉਤਪਾਦਾਂ ਦੀ ਭੌਤਿਕ ਡਿਲਿਵਰੀ/ਸਪੁਰਦਗੀ ਹੁੰਦੀ ਹੈ;

(ਸ) "ਖੇਤੀ ਸੇਵਾਵਾਂ" ਵਿੱਚ ਬੀਜ, ਫੀਡ, ਚਾਰਾ, ਖੇਤੀ -ਰਸਾਇਣ, ਮਸ਼ੀਨਰੀ ਅਤੇ ਤਕਨਾਲੋਜੀ ਸਲਾਹ, ਗੈਰ-ਰਸਾਇਣਕ ਖੇਤੀ ਇੰਨਪੁਟਸ ਅਤੇ ਖੇਤੀ ਲਈ ਇਸ ਤਰ੍ਹਾਂ ਦੇ ਹੋਰ ਇੰਨਪੁਟਸ;

(ਹ) "ਕਿਸਾਨ" ਦਾ ਅਰਥ ਹੈ ਇੱਕ ਵਿਅਕਤੀ ਜਿਹੜਾ ਖੇਤੀ ਦੀ ਉਪਜ ਨੂੰ ਖੁਦ ਜਾਂ ਭਾੜੇ ਦੀ ਕਿਰਤ ਦੁਆਰਾ ਉਤਪਾਦਨ ਕਰਨ ਵਿੱਚ ਰੁੱਝਿਆ ਹੋਇਆ ਹੈ;

(ਕ) "ਕਿਸਾਨ ਉਤਪਾਦਕ ਸੰਗਠਨ" ਦਾ ਅਰਥ ਹੈ ਇੱਕ ਐਸੋਸੀਏਸ਼ਨ ਜਾਂ ਕਿਸਾਨਾਂ ਦਾ ਸਮੂਹ, ਜਿਸ ਵੀ ਨਾਮ ਨਾਲ ਬੁਲਾਇਆ ਜਾਵੇ,-

(i) ਕਿਸੇ ਵੀ ਕਾਨੂੰਨ ਤਹਿਤ ਰਜਿਸਟਰਡ ਹੈ ਅਤੇ ਫਿਲਹਾਲ ਕਾਰਜਸ਼ੀਲ ਹੈ; ਜਾਂ

(ii) ਕੇਂਦਰ ਜਾਂ ਰਾਜ ਸਰਕਾਰ ਦੁਆਰਾ ਪ੍ਰਾਯੋਜਿਤ ਇੱਕ ਸਕੀਮ

ਜਾਂ ਪ੍ਰੋਗ੍ਰਾਮ ਅਧੀਨ ਉਤਸ਼ਾਹਿਤ;

(ਖ) “ਖੇਤੀ ਸਮਝੌਤੇ” ਦਾ ਅਰਥ ਹੈ ਇੱਕ ਕਿਸਾਨ ਅਤੇ ਇੱਕ ਸਪਾਂਸਰ ਵਿੱਚਕਾਰ ਹੋਇਆ ਲਿਖਤੀ ਸਮਝੌਤਾ, ਜਾਂ ਇੱਕ ਕਿਸਾਨ, ਇੱਕ ਸਪਾਂਸਰ ਅਤੇ ਕੋਈ ਤੀਜੀ ਧਿਰ, ਉਤਪਾਦਨ ਜਾਂ ਕਿਸੇ ਨਿਰਧਾਰਤ ਕੁਆਲਟੀ ਦੀ ਕਿਸੀ ਵੀ ਖੇਤੀ ਉਪਜ ਦੇ ਪਾਲਣ-ਪੋਸ਼ਣ ਤੋਂ ਪਹਿਲਾਂ ਜਿਸ ਵਿੱਚ ਸਪਾਂਸਰ ਕਿਸਾਨ ਤੋਂ ਅਜਿਹੀ ਖੇਤੀ ਉਪਜ ਖਰੀਦਣ ਅਤੇ ਖੇਤੀ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਮਤ ਹੈ।

*ਵਿਆਖਿਆ*- ਇਸ ਧਾਰਾ ਦੇ ਉਦੇਸ਼ਾਂ ਲਈ, “ਖੇਤੀ ਸਮਝੌਤੇ” ਦੀ ਟਰਮ ਵਿੱਚ ਸ਼ਾਮਲ ਹੋ ਸਕਦੇ ਹਨ —

(i) “ਵਪਾਰ ਅਤੇ ਵਣਜ ਸਮਝੌਤਾ”, ਜਿੱਥੇ ਉਤਪਾਦਨ ਦੇ ਦੌਰਾਨ ਵਸਤੂ ਦੀ ਮਲਕੀਅਤ ਕਿਸਾਨ ਕੋਲ ਰਹਿੰਦੀ ਹੈ ਅਤੇ ਸਪਾਂਸਰ ਨਾਲ ਸਹਿਮਤ ਸ਼ਰਤਾਂ ਦੇ ਅਨੁਸਾਰ ਉਸਨੂੰ ਇਸ ਦੀ ਸਪੁਰਦਗੀ ‘ਤੇ ਉਤਪਾਦ ਦੀ ਕੀਮਤ ਮਿਲਦੀ ਹੈ;

(ii) “ਉਤਪਾਦਨ ਸਮਝੌਤਾ”, ਜਿੱਥੇ ਸਪਾਂਸਰ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ‘ਤੇ ਖੇਤੀ ਸੇਵਾਵਾਂ ਪ੍ਰਦਾਨ ਕਰਨ ਲਈ, ਅਤੇ ਆਉਟਪੁੱਟ ਦੇ ਜੋਖਮ ਨੂੰ ਸਹਿਣ ਲਈ ਸਹਿਮਤ ਹੁੰਦਾ ਹੈ, ਪਰ ਕਿਸਾਨ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਅਜਿਹੇ ਕਿਸਾਨ ਨੂੰ ਭੁਗਤਾਨ ਕਰਨ ਲਈ ਸਹਿਮਤ ਹੁੰਦਾ ਹੈ; ਅਤੇ

(iii) ਅਜਿਹੇ ਹੋਰ ਸਮਝੌਤੇ ਜਾਂ ਉੱਪਰ ਦੱਸੇ ਸਮਝੌਤਿਆਂ ਦਾ ਸੁਮੇਲ।

(ਗ) “ਖੇਤੀ ਉਪਜ” ਵਿੱਚ ਸ਼ਾਮਲ ਹਨ-

(i) ਖਾਧ ਪਦਾਰਥ, ਖਾਣ ਯੋਗ ਤੇਲ ਬੀਜ ਅਤੇ ਤੇਲਾਂ ਸਮੇਤ, ਸਾਰੇ ਪ੍ਰਕਾਰ ਦੇ ਅਨਾਜ ਜਿਵੇਂ ਕਿ ਕਣਕ, ਚਾਵਲ ਜਾਂ ਹੋਰ ਮੋਟੇ ਅਨਾਜ, ਦਾਲਾਂ, ਸਬਜ਼ੀਆਂ, ਫਲ, ਗਿਰੀਆਂ, ਮਸਾਲੇ, ਗੰਨਾ ਅਤੇ ਪੋਲਟਰੀ ਦੇ ਉਤਪਾਦ, ਸੂਅਰ ਪਾਲਣ, ਬੱਕਰੀ ਪਾਲਣ, ਮੱਛੀ ਪਾਲਣ, ਅਤੇ ਡੇਅਰੀ, ਇਸ ਦੇ ਕੁਦਰਤੀ ਜਾਂ ਪ੍ਰੋਸੈਸਡ ਰੂਪ ਵਿੱਚ ਮਨੁੱਖੀ ਖਪਤ ਲਈ ਲੋੜੀਂਦੇ;

(ii) ਪਸ਼ੂ ਚਾਰਾ, ਖੱਲ ਸਮੇਤ ਅਤੇ ਹੋਰ ਪਸ਼ੂ ਆਹਾਰ;

(iii) ਕੱਚੀ ਕਪਾਹ, ਭਾਵੇਂ ਜਿਨਿੰਗ ਕੀਤੀ ਹੋਵੇ ਜਾਂ ਬਿਨ੍ਹਾਂ ਜਿਨਿੰਗ ਹੋਵੇ;

(iv) ਕਪਾਹ ਬੀਜ ਅਤੇ ਕੱਚਾ ਜੂਟ;

(ਘ) "ਫਰਮ" ਦਾ ਅਰਥ ਹੈ ਇੱਕ ਫਰਮ ਜਿਵੇਂ ਕਿ ਇੰਡੀਅਨ ਪਾਰਟਨਰਸ਼ਿਪ ਐਕਟ, 1932 ਸੈਕਸ਼ਨ 4 ਵਿੱਚ ਪਰਿਭਾਸ਼ਿਤ ਹੈ; 1932 ਦਾ 9

(ਙ) “ਫੋਰਸ ਮੈਜਿਰ” ਦਾ ਅਰਥ ਹੈ ਕੋਈ ਵੀ ਅਣਕਿਆਸੀ ਬਾਹਰੀ ਘਟਨਾ, ਜਿਵੇਂ ਹੜ੍ਹ, ਸੁਕਾ, ਮਾੜਾ ਮੌਸਮ, ਭੁਚਾਲ, ਬਿਮਾਰੀ ਦੀ ਮਹਾਂਮਾਰੀ ਫੈਲਣਾ, ਕੀੜੇ-ਮਕੌੜੇ ਅਤੇ ਅਜਿਹੀਆਂ ਹੋਰ ਘਟਨਾਵਾਂ ਜਿਹੜਿਆਂ ਕਿ ਅਟੱਲ ਹਨ ਅਤੇ ਖੇਤੀ ਸਮਝੌਤੇ ਵਿਚ ਸ਼ਾਮਲ ਹੋਣ ਵਾਲੀਆਂ ਪਾਰਟੀਆਂ ਦੇ ਨਿਯੰਤਰਣ ਤੋਂ ਬਾਹਰ ਹਨ;

(ਚ) “ਨੋਟੀਫਿਕੇਸ਼ਨ" ਦਾ ਅਰਥ ਹੈ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਪ੍ਰਕਾਸ਼ਤ ਇੱਕ ਅਧਿਸੂਚਨਾ ਜਿਵੇਂ ਕਿ ਮਾਮਲਾ ਹੋ ਸਕਦਾ ਹੈ, ਸਰਕਾਰੀ ਗਜ਼ਟ ਵਿਚ ਅਤੇ "ਸੂਚਿਤ" ਅਭਿਵਿਅਕਤੀ ਉਸੇ ਅਨੁਸਾਰ ਸਮਝੀ ਜਾਵੇਗੀ;

(ਛ) “ਵਿਅਕਤੀ” ਵਿੱਚ ਸ਼ਾਮਲ ਹੈ-

(i) ਇੱਕ ਵਿਅਕਤੀ;

(ii) ਇੱਕ ਭਾਈਵਾਲੀ ਫਰਮ;

(iii) ਇੱਕ ਕੰਪਨੀ;

(iv) ਇੱਕ ਸੀਮਤ ਦੇਣਦਾਰੀ ਭਾਈਵਾਲੀ;

(v) ਇੱਕ ਸਹਿਕਾਰੀ ਸੋਸਾਇਟੀ;

(vi) ਇੱਕ ਸੋਸਾਇਟੀ; ਜਾਂ

(vii) ਕੋਈ ਵੀ ਐਸੋਸੀਏਸ਼ਨ ਜਾਂ ਵਿਅਕਤੀਆਂ ਦੀ ਸੰਸਥਾ ਜੋ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਚੱਲ ਰਹੇ ਪ੍ਰੋਗ੍ਰਾਮਾਂ ਅਧੀਨ ਨਿਯਮਿਤ ਤੌਰ 'ਤੇ ਸ਼ਾਮਲ ਜਾਂ ਇੱਕ ਸਮੂਹ ਵਜੋਂ ਮਾਣਤਾ ਪ੍ਰਾਪਤ ਹੈ;

(ਜ) “ਨਿਰਧਾਰਤ” ਦਾ ਅਰਥ ਹੈ ਇਸ ਐਕਟ ਦੇ ਤਹਿਤ ਬਣੇ ਨਿਯਮਾਂ ਦੁਆਰਾ ਨਿਰਧਾਰਤ;

(ਝ) “ਰਜਿਸਟ੍ਰੇਸ਼ਨ ਅਥਾਰਟੀ” ਦਾ ਅਰਥ ਹੈ ਰਾਜ ਸਰਕਾਰ ਦੁਆਰਾ ਸੈਕਸ਼ਨ 12 ਅਧੀਨ ਜਿਵੇਂ ਕਿ ਸੂਚਿਤ ਕੀਤੀ ਗਈ ਇੱਕ ਅਥਾਰਟੀ;

(ਟ) "ਸਪਾਂਸਰ" ਦਾ ਅਰਥ ਹੈ ਉਹ ਵਿਅਕਤੀ ਜਿਸਨੇ ਕਿਸਾਨ ਨਾਲ ਖੇਤੀ ਉਪਜ ਖਰੀਦਣ ਲਈ ਖੇਤੀ ਸਮਝੌਤਾ ਕੀਤਾ ਹੈ।

(ਠ) “ਰਾਜ” ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਵੀ ਸ਼ਾਮਲ ਹਨ।

## ਅਧਿਆਇ II
## ਖੇਤੀ ਸਮਝੌਤਾ

ਖੇਤੀ ਸਮਝੌਤੇ ਅਤੇ ਇਸ ਦੀ ਮਿਆਦ

**3.** (1) “ਇੱਕ ਕਿਸਾਨ ਕਿਸੇ ਵੀ ਖੇਤੀ ਉਪਜ ਦੇ ਸੰਬੰਧ ਵਿੱਚ ਇੱਕ ਲਿਖਤੀ ਖੇਤੀ ਸਮਝੌਤਾ ਕਰ ਸਕਦਾ ਹੈ ਅਤੇ ਅਜਿਹਾ ਸਮਝੌਤਾ ਮੁਹੱਈਆ ਕਰਵਾ ਸਕਦਾ ਹੈ-

(ੳ) ਅਜਿਹੀ ਉਪਜ ਦੀ ਆਪੂਰਤੀ ਲਈ ਨਿਯਮ ਅਤੇ ਸ਼ਰਤਾਂ ਵਿੱਚ ਆਪੂਰਤੀ ਦਾ ਸਮਾਂ, ਗੁਣਵੱਤਾ, ਗ੍ਰੇਡ, ਮਿਆਰ, ਕੀਮਤ ਅਤੇ ਅਜਿਹੇ ਹੋਰ ਮਾਮਲੇ ਸ਼ਾਮਿਲ ਹਨ; ਅਤੇ

(ਅ) ਖੇਤੀ ਸੇਵਾਵਾਂ ਦੀ ਆਪੂਰਤੀ ਨਾਲ ਸੰਬੰਧਤ ਸ਼ਰਤਾਂ:

ਬਸ਼ਰਤੇ ਕਿ ਅਜਿਹੀਆਂ ਖੇਤੀ ਸੇਵਾਵਾਂ ਪ੍ਰਦਾਨ ਕਰਨ ਲਈ ਕਿਸੇ ਕਾਨੂੰਨੀ ਜ਼ਰੂਰਤ ਦੀ ਪਾਲਣਾ ਦੀ ਜ਼ਿੰਮੇਵਾਰੀ ਸਪਾਂਸਰ ਜਾਂ ਖੇਤੀ ਸੇਵਾ ਪ੍ਰਦਾਤਾ ਦੀ ਹੋਵੇਗੀ, ਜਿਵੇਂ ਵੀ ਕੇਸ ਹੋਵੇ।

(2) ਇਸ ਧਾਰਾ ਦੇ ਅਧੀਨ ਇੱਕ ਕਿਸਾਨ ਦੁਆਰਾ ਇੱਕ ਸ਼ੇਅਰ ਕ੍ਰੋਪੱਰ ਦੇ ਕਿਸੇ ਵੀ ਅਧਿਕਾਰ ਦੀ ਅਵਮਾਨਨਾ 'ਚ ਕੋਈ ਵੀ ਖੇਤੀ ਸਮਝੌਤਾ ਦਰਜ਼ ਨਹੀਂ ਕੀਤਾ ਜਾਵੇਗਾ।

*ਵਿਆਖਿਆ*-ਇਸ ਉਪ- ਧਾਰਾ ਦੇ ਉਦੇਸ਼ਾਂ ਲਈ,

ਸ਼ਬਦ "ਸ਼ੇਅਰ- ਕ੍ਰੋਪਰ" (ਬਟਾਇਦਾਰ) ਦਾ ਅਰਥ ਹੈ ਇੱਕ ਖੇਤ ਦੀ ਜ਼ਮੀਨ ਦਾ ਇੱਕ ਹੱਲਵਾਹਾ (ਟਿੱਲਰ) ਜਾਂ ਕਬਜ਼ਾਧਾਰੀ ਜੋ ਖੇਤੀ ਦੀ ਉਪਜ ਨੂੰ ਉਗਾਉਣ ਜਾਂ ਪਾਲਣ ਲਈ ਜ਼ਮੀਨ ਦੇ ਮਾਲਿਕ ਨੂੰ ਰਸਮੀ ਜਾਂ ਗੈਰ ਰਸਮੀ ਤੌਰ 'ਤੇ ਫ਼ਸਲ ਦਾ ਨਿਰਧਾਰਿਤ ਹਿੱਸਾ ਜਾਂ ਤੈਅ ਰਾਸ਼ੀ ਦੇਣ ਲਈ ਸਹਿਮਤ ਹੈ।

(3) ਖੇਤੀ ਸਮਝੌਤੇ ਦੀ ਘੱਟੋ-ਘੱਟ ਅਵਧੀ ਇੱਕ ਫਸਲ ਦੇ ਮੌਸਮ ਜਾਂ ਪਸ਼ੂਧਨ ਦਾ ਇੱਕ ਉਤਪਾਦਨ ਚੱਕਰ, ਜਿਵੇਂ ਵੀ ਮਾਮਲਾ ਹੋ ਸਕਦਾ ਹੈ, ਅਤੇ ਵੱਧ ਤੋਂ ਵੱਧ ਅਵਧੀ ਪੰਜ ਸਾਲ ਦੀ ਹੋਵੇਗੀ:

ਬਸ਼ਰਤੇ ਕਿ ਜਿੱਥੇ ਕਿਸੇ ਖੇਤੀ ਉਪਜ ਦਾ ਉਤਪਾਦਨ ਚੱਕਰ ਲੰਮ੍ਹਾ ਹੋਵੇ ਅਤੇ ਪੰਜ ਸਾਲ ਤੋਂ ਅੱਗੇ ਜਾ ਸਕੇ, ਅਜਿਹੇ ਮਾਮਲੇ 'ਚ, ਖੇਤੀ ਸਮਝੌਤੇ ਦੀ ਵੱਧ ਤੋਂ ਵੱਧ ਅਵਧੀ ਉੱਤੇ ਕਿਸਾਨ ਅਤੇ ਸਪਾਂਸਰ ਦੁਆਰਾ ਆਪਸ ਵਿੱਚ ਮਿਲ ਕੇ ਫੈਸਲਾ ਅਤੇ ਖੇਤੀ ਸਮਝੌਤੇ ਵਿੱਚ ਸਪਸ਼ਟ ਤੌਰ 'ਤੇ ਉੱਲੇਖ ਕੀਤਾ ਜਾ ਸਕਦਾ ਹੈ।

(4) ਕਿਸਾਨਾਂ ਨੂੰ ਲਿਖਤੀ ਖੇਤੀ ਸਮਝੌਤੇ ਵਿੱਚ ਦਰਜ਼ ਹੋਣ ਦੀ ਸਹੂਲਤ ਦੇ ਉਦੇਸ਼ਾਂ ਲਈ ਕੇਂਦਰ ਸਰਕਾਰ ਮੌਡਲ ਖੇਤੀ ਦੇ ਨਾਲ-ਨਾਲ ਇਸ ਤਰ੍ਹਾਂ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ ਇਸ ਢੰਗ ਨਾਲ, ਜਿਵੇਂ ਕਿ ਇਹ ਉਪਯੁਕਤ ਮੰਨੇ।

ਖੇਤੀ ਉਪਜਾਂ ਦੀ ਗੁਣਵੱਤਾ, ਗਰੇਡ ਅਤੇ ਮਾਨਕ

**4**. (1) ਖੇਤੀ ਸਮਝੌਤੇ 'ਚ ਦਰਜ਼ ਹੋਣ ਵਾਲੀਆਂ ਧਿਰਾਂ ਨੂੰ ਇੱਕ ਖੇਤੀ ਉਪਜ ਦੀ ਗੁਣਵੱਤਾ, ਗ੍ਰੇਡ ਅਤੇ ਮਾਣਕਾਂ ਨੂੰ ਆਪਸੀ ਸਵੀਕਾਰਤਾ ਨਾਲ ਇਸ ਤਰ੍ਹਾਂ ਦੀ ਸਮਝੌਤਾ ਪਾਲਣਾ ਨੂੰ ਅਮਲ 'ਚ ਲਿਆਉਣ ਲਈ ਇੱਕ ਸ਼ਰਤ ਦੇ ਰੂਪ ਵਿੱਚ ਪਛਾਣ ਦੀ ਲੋੜ ਹੋ ਸਕਦੀ ਹੈ।

(2) ਉਪ-ਧਾਰਾ (1) ਦੇ ਉਦੇਸ਼ਾਂ ਲਈ, ਧਿਰਾਂ ਗੁਣਵੱਤਾ, ਗ੍ਰੇਡ ਅਤੇ ਮਾਣਕਾਂ ਨੂੰ ਅਪਣਾ ਸਕਦੀਆਂ ਹਨ–

(ੳ) ਜੋ ਖੇਤੀਬਾੜੀ ਅਭਿਆਸਾਂ, ਖੇਤੀ-ਜਲਵਾਯੂ ਅਤੇ ਅਜਿਹੇ ਹੋਰਨਾਂ ਕਾਰਕਾਂ ਦੇ ਨਾਲ ਅਨੁਕੂਲ ਹਨ; ਜਾਂ

(ਅ) ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਵੀ ਏਜੰਸੀ ਜਾਂ ਇਸ ਮਕਸਦ ਲਈ ਅਜਿਹੀ ਸਰਕਾਰ ਦੁਆਰਾ ਅਧਿਕਾਰਤ ਕਿਸੇ ਵੀ ਏਜੰਸੀ ਦੁਆਰਾ ਤਿਆਰ ਕੀਤਾ ਗਿਆ ਹੈ,

ਅਤੇ ਖੇਤੀ ਸਮਝੌਤੇ ਵਿੱਚ ਅਜਿਹੀ ਗੁਣਵੱਤਾ, ਗ੍ਰੇਡ ਅਤੇ ਮਾਣਕਾਂ ਦਾ ਸਪਸ਼ਟ ਤੌਰ ‘ਤੇ ਜ਼ਿਕਰ ਕਰਨਾ ਹੈ:

(3) ਖੇਤੀ ਸਮਝੌਤੇ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੇ ਲਈ ਗੁਣਵੱਤਾ, ਗ੍ਰੇਡ ਅਤੇ ਮਾਣਕਾਂ, ਖਾਧ ਸੁਰੱਖਿਆ ਮਾਣਕਾਂ, ਚੰਗੀ ਖੇਤੀ ਦੇ ਤਰੀਕੇ ਅਤੇ ਕਿਰਤ ਅਤੇ ਸਮਾਜਿਕ ਵਿਕਾਸ ਮਾਣਕਾਂ ਨੂੰ ਵੀ ਅਪਣਾਇਆ ਜਾ ਸਕਦਾ ਹੈ।

(4) ਖੇਤੀ ਸਮਝੌਤੇ ਵਿੱਚ ਦਾਖ਼ਲ ਹੋਣ ਵਾਲੀਆਂ ਧਿਰਾਂ ਨੂੰ ਸ਼ਰਤ ਦੇ ਰੂਪ ਵਿੱਚ ਇਸ ਦੀ ਜ਼ਰੂਰਤ ਹੋ ਸਕਦੀ ਹੈ ਕਿ ਅਜਿਹੀ ਸਵੀਕਾਰਯੋਗ ਗੁਣਵੱਤਾ, ਗ੍ਰੇਡ ਅਤੇ ਮਾਣਕਾਂ ਦੀ ਨਿਗਰਾਨੀ ਅਤੇ ਪ੍ਰਮਾਣਿਕਤਾ, ਖੇਤੀ ਕਲਟੀਵੇਸ਼ਨ ਜਾਂ ਪਰਵਰਿਸ਼ ਦੀ ਪ੍ਰਕ੍ਰਿਆ ਦੌਰਾਨ ਜਾਂ ਸੁਪੁਰਦਗੀ ਦੇ ਸਮੇਂ, ਯੋਗਤਾ ਪ੍ਰਾਪਤ ਵਿਸ਼ਲੇਸ਼ਕ ਤੀਜੀ ਧਿਰ ਵਲੋਂ ਨਿਰਪੱਖਤਾ ਅਤੇ ਔਚਿਤ ਨੂੰ ਯਕੀਨੀ ਬਣਾਇਆ ਜਾਵੇਗਾ।

ਖੇਤੀ ਉਪਜ ਦੀ ਕੀਮਤ

**5.** ਖੇਤੀ ਉਪਜਾਂ ਦੀ ਖਰੀਦ ਲਈ ਅਦਾ ਕੀਤੀ ਜਾਣ ਵਾਲੀ ਕੀਮਤ ਸਮਝੌਤੇ ਵਿਚ ਹੀ ਨਿਰਧਾਰਤ ਅਤੇ ਜ਼ਿਕਰ ਕੀਤੀ ਜਾਏ, ਅਤੇ ਜੇਕਰ ਇਸ ਕੀਮਤ ਵਿਚ ਤਬਦੀਲੀ ਹੋ ਸਕਦੀ ਹੈ, ਤਾਂ ਅਜਿਹੀ ਤਬਦੀਲੀ ਸਪੱਸ਼ਟ ਤੌਰ 'ਤੇ ਸਮਝੌਤੇ ਵਿਚ ਮੁਹਈਆ ਕਰਾਉਣੀ ਹੋਵੇਗੀ-

(ੳ) ਅਜਿਹੀ ਉਪਜ ਲਈ ਇੱਕ ਗਾਰੰਟੀਸ਼ੁਦਾ ਮੁੱਲ ਅਦਾ ਕਰਨਾ ਪਵੇਗਾ;

(ਅ) ਗਾਰੰਟੀਸ਼ੁਦਾ ਮੁੱਲ ਤੋਂ ਵੱਧ ਕਿਸੇ ਵੀ ਵਾਧੂ ਰਕਮ ਲਈ ਬੋਨਸ ਜਾਂ ਪ੍ਰੀਮੀਅਮ ਸਮੇਤ ਸਪਸ਼ਟ ਕੀਮਤ ਦਾ ਹਵਾਲਾ ਇਹ ਯਕੀਨੀ ਬਣਾਉਣ ਲਈ ਕਿ ਕਿਸਾਨ ਨੂੰ ਵਧੀਆ ਮੁੱਲ ਮਿਲੇ ਅਤੇ ਅਜਿਹੇ ਮੁੱਲ ਦਾ ਹਵਾਲਾ ਨਿਰਧਾਰਤ ਏਪੀਐਮਸੀ ਯਾਰਡ ਵਿੱਚ ਮੌਜੂਦਾ ਕੀਮਤਾਂ ਜਾਂ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਜਾਂ ਕੋਈ ਹੋਰ ਉਚਿਤ ਬੈਂਚਮਾਰਕ ਕੀਮਤਾਂ ਨਾਲ ਜੋੜਿਆ ਜਾ ਸਕੇ:

ਬਸ਼ਰਤੇ ਅਜਿਹੀ ਕੀਮਤ ਨਿਰਧਾਰਤ ਕਰਨ ਦਾ ਤਰੀਕਾ ਜਾਂ ਗਾਰੰਟੀਸ਼ੁਦਾ ਮੁੱਲ ਜਾਂ ਵਾਧੂ ਰਕਮ ਨੂੰ ਖੇਤੀ ਸਮਝੌਤੇ ਨਾਲ ਜੋੜਿਆ ਜਾਵੇ।

ਖੇਤੀ ਉਪਜ ਦੀ ਵਿਕਰੀ ਜਾਂ ਖਰੀਦ

**6.** (1) ਜਿੱਥੇ, ਇੱਕ ਖੇਤੀ ਸਮਝੌਤੇ ਦੇ ਤਹਿਤ, ਕਿਸੇ ਵੀ ਖੇਤੀ ਉਪਜ ਦੀ ਸੁਪੁਰਦਗੀ ਹੋਣੀ ਹੈ-

(ੳ) ਸਪਾਂਸਰ ਦੁਆਰਾ ਖੇਤ ਤੋਂ ਲਿਆ ਗਿਆ, ਉਹ ਸਹਿਮਤ ਸਮੇਂ ਦੇ ਅੰਦਰ-ਅੰਦਰ ਇਸ ਤਰ੍ਹਾਂ ਦੀ ਸੁਪੁਰਦਗੀ ਲਵੇਗਾ;

(ਅ) ਕਿਸਾਨ ਦੁਆਰਾ ਪ੍ਰਭਾਵਿਤ, ਸਪਾਂਸਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹ ਸੁਨਿਸ਼ਚਿਤ ਕਰੇ ਕਿ ਸਮੇਂ ਸਿਰ ਅਜਿਹੀ ਸੁਪੁਰਦਗੀ ਦੀ ਮਨਜ਼ੂਰੀ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ।

(2) ਸਪਾਂਸਰ, ਕਿਸੇ ਵੀ ਖੇਤੀ ਉਪਜ ਦੀ ਸੁਪੁਰਦਗੀ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਖੇਤੀ ਸਮਝੌਤੇ ਵਿੱਚ ਦਰਸ਼ਾਏ ਗਏ ਉਤਪਾਦਾਂ ਦੀ ਗੁਣਵਤਾ ਜਾਂ ਕਿਸੇ ਹੋਰ ਵਿਸ਼ੇਸ਼ਤਾ ਦਾ ਮੁਆਇਨਾ ਕਰ ਸਕਦਾ ਹੈ, ਨਹੀਂ ਤਾਂ, ਉਸ ਨੂੰ ਉਪਜ ਦਾ ਮੁਆਇਨਾ ਕਰ ਲਿਆ ਸਮਝਿਆ ਜਾਵੇਗਾ ਅਤੇ ਉਸ ਨੂੰ ਇਸ ਦੀ ਆਪੂਰਤੀ ਦੇ ਸਮੇਂ ਜਾਂ ਉਸ ਤੋਂ ਬਾਅਦ ਇਸ ਤਰ੍ਹਾਂ ਦੀ ਉਪਜ ਨੂੰ ਸਵੀਕਾਰ ਕਰਨ ਤੋਂ ਪਿੱਛੇ ਹਟਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

(3) ਸਪਾਂਸਰ ਕਰੇਗਾ, -

(ੳ) ਜਿੱਥੇ ਤਕ ਕਿ ਖੇਤੀ ਸਮਝੌਤਾ ਬੀਜ ਉਤਪਾਦਨ ਲਈ ਸੰਬੰਧਤ ਹੈ, ਸੁਪੁਰਦਗੀ ਦੇ ਸਮੇਂ ਸਹਿਮਤ ਰਾਸ਼ੀ ਦੇ ਦੋ ਤਿਹਾਈ ਤੋਂ ਘੱਟ ਦਾ ਭੁਗਤਾਨ ਨਾ ਕਰੇ ਅਤੇ ਬਾਕੀ ਰਕਮ ਬਕਾਇਆ ਪ੍ਰਮਾਣੀਕਰਣ ਤੋਂ ਬਾਅਦ, ਪ੍ਰੰਤੂ ਸੁਪੁਰਦਗੀ ਦੇ ਤੀਹ ਦਿਨਾਂ ਤੋਂ ਬਾਅਦ ਨਹੀਂ;

(ਅ) ਹੋਰ ਮਾਮਲਿਆਂ ਵਿੱਚ, ਖੇਤੀ ਉਪਜ ਦੀ ਸੁਪੁਰਦਗੀ ਨੂੰ ਸਵੀਕਾਰਦੇ ਸਮੇਂ ਸਹਿਮਤ ਰਾਸ਼ੀ ਦਾ ਭੁਗਤਾਨ ਕਰਨਾ ਅਤੇ ਵਿਕਰੀ ਦੀ ਆਮਦ ਦੇ ਵੇਰਵਿਆਂ ਨਾਲ ਰਸੀਦ ਦੀ ਪਰਚੀ ਜਾਰੀ ਕਰਨਾ।

(4) ਰਾਜ ਸਰਕਾਰ ਉਪ-ਧਾਰਾ (3) ਦੇ ਅਧੀਨ ਵਿਧੀ ਅਤੇ ਢੰਗ ਤਜਵੀਜ਼ ਕਰ ਸਕਦੀ ਹੈ ਕਿ ਕਿਸਾਨ ਨੂੰ ਅਦਾਇਗੀ ਕਿਵੇਂ ਕੀਤੀ ਜਾਏਗੀ।

ਖੇਤੀ ਉਪਜ ਦੇ ਸੰਬੰਧ ਵਿੱਚ ਛੋਟ

**7**. (1) ਇਸ ਐਕਟ ਅਧੀਨ ਕਿਸੇ ਵੀ ਖੇਤੀ ਉਪਜ ਦੇ ਸੰਬੰਧ ਵਿੱਚ ਜਦੋਂ ਖੇਤੀ ਸਮਝੌਤਾ ਹੁੰਦਾ ਹੈ, ਤਾਂ ਅਜਿਹੀ ਉਪਜ ਨੂੰ ਕਿਸੇ ਵੀ ਰਾਜ ਐਕਟ ਦੇ ਲਾਗੂ ਹੋਣ ਤੋਂ ਛੋਟ ਦਿੱਤੀ ਜਾਏਗੀ, ਜੋ ਵੀ ਨਾਮ ਦਿੱਤਾ ਜਾਂਦਾ ਹੈ, ਇਹ ਖੇਤੀ ਉਪਜ ਦੀ ਵਿਕਰੀ ਅਤੇ ਖਰੀਦ ਦੇ ਨਿਯਮ ਦੇ ਉਦੇਸ਼ ਲਈ

ਸਥਾਪਿਤ ਕੀਤੀ ਗਈ ਹੈ।

1955 ਦਾ 10

(2) ਜ਼ਰੂਰੀ ਕਾਮੋਡਿਟੀਜ਼ ਐਕਟ, 1955 ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ ਜਾਂ ਇਸ ਆਧਾਰ 'ਤੇ ਜਾਰੀ ਕੀਤਾ ਗਿਆ ਕੋਈ ਵੀ ਨਿਯੰਤ੍ਰਣ ਆਦੇਸ਼ ਜਾਂ ਕੁਝ ਸਮੇਂ ਲਈ ਲਾਗੂ ਕੀਤਾ ਗਿਆ ਕੋਈ ਹੋਰ ਕ਼ਾਨੂਨ, ਖੇਤੀ ਉਪਜ ਦੀ ਇਹਨੀਂ ਮਾਤਰਾ ਲਈ ਸਟਾਕ ਸੀਮਾ ਉੱਤੇ ਕੋਈ ਵੀ ਰੋਕ ਲਾਗੂ ਨਹੀਂ ਹੋਵੇਗੀ ਜਿਵੇਂ ਕਿ ਇਸ ਪ੍ਰਾਵਧਾਨਾਂ ਦੇ ਅਨੁਸਾਰ ਦਰਜ਼ ਕੀਤੇ ਗਏ ਖੇਤੀ ਸਮਝੌਤੇ ਦੇ ਤਹਿਤ ਖਰੀਦਿਆ ਗਿਆ ਹੈ।

ਪ੍ਰਾਯੋਜਕ ਨੂੰ ਮਾਲਕਾਨਾ ਹਕ਼ ਪ੍ਰਾਪਤ ਕਰਨ ਜਾਂ ਕਿਸਾਨ ਦੀ ਜ਼ਮੀਨ ਜਾਂ ਅਹਾਤੇ ਵਿੱਚ ਸਥਾਈ ਤਰਮੀਮ ਕਰਨ ਦੀ ਮਨਾਹੀ ਹੈ।

**8**. ਕੋਈ ਵੀ ਖੇਤੀ ਸਮਝੌਤਾ ਇਸ ਉਦੇਸ਼ ਲਈ ਦਰਜ਼ ਨਹੀਂ ਕੀਤਾ ਜਾਵੇਗਾ -

(ੳ) ਕੋਈ ਵੀ ਟ੍ਰਾਂਸਫਰ, ਜਿਸ ਵਿੱਚ ਕਿਸਾਨ ਦੀ ਜ਼ਮੀਨ ਜਾਂ ਪਰਿਸਰ ਦੀ ਵਿਕਰੀ, ਲੀਜ਼ ਅਤੇ ਮੋਰਟਗੇਜ ਸ਼ਾਮਲ ਹੈ; ਜਾਂ

(ਅ) ਕਿਸਾਨ ਦੀ ਜ਼ਮੀਨ ਜਾਂ ਪਰਿਸਰ ਉੱਤੇ ਕੋਈ ਵੀ ਸਥਾਈ ਢਾਂਚਾ ਖੜਾ ਕਰਨਾ ਜਾਂ ਕੋਈ ਵੀ ਤਰਮੀਮ ਬਣਾਉਣਾ, ਜਦ ਤੱਕ ਸਪਾਂਸਰ ਅਜਿਹਾ ਢਾਂਚਾ ਹਟਾਉਣ ਲਈ ਸਹਿਮਤ ਨਹੀਂ ਹੁੰਦਾ ਜਾਂ ਜ਼ਮੀਨ ਨੂੰ ਉਸਦੀ ਅਸਲ ਹਾਲਤ ਵਿੱਚ ਅਪਣੀ ਲਾਗਤ 'ਤੇ ਦੁਬਾਰਾ ਬਹਾਲ ਨਹੀਂ ਕਰਦਾ, ਸਮਝੌਤੇ ਦੇ ਅੰਤ 'ਤੇ ਜਾਂ ਸਮਝੌਤੇ ਦੀ ਅਵਧੀ ਸਮਾਪਤ ਹੋਣ 'ਤੇ, ਜਿੰਵੇ ਵੀ ਮਾਮਲਾ ਹੋ ਸਕਦਾ ਹੈ:

ਬਸ਼ਰਤੇ ਇਸ ਤਰ੍ਹਾਂ ਦੇ ਢਾਂਚੇ ਨੂੰ ਨਹੀਂ ਹਟਾਇਆ ਜਾਂਦਾ ਜਿੰਵੇ ਕਿ ਸਪਾਂਸਰ ਦੁਆਰਾ ਸਹਿਮਤੀ ਦਿੱਤੀ ਗਈ, ਅਜਿਹੇ ਢਾਂਚੇ ਦੀ ਮਾਲਕੀ ਸਮਝੌਤੇ ਦੇ ਅੰਤ ਦੇ ਬਾਅਦ ਜਾਂ ਸਮਝੌਤਾ ਖ਼ਤਮ ਹੋਣ 'ਤੇ ਕਿਸਾਨ ਨੂੰ ਪ੍ਰਦਾਨ ਕੀਤੀ ਜਾਵੇਗੀ, ਜਿੰਵੇ ਵੀ ਮਾਮਲਾ ਹੋ ਸਕਦਾ ਹੈ।

ਬੀਮਾ ਜਾਂ ਕ੍ਰੇਡਿਟ ਨਾਲ ਖੇਤੀ ਸਮਝੌਤੇ ਦੀ ਲਿੰਕੇਜ਼

**9**. ਇੱਕ ਖੇਤੀ ਸਮਝੌਤਾ ਜੋਖਮ ਨੂੰ ਘਟਾਉਣ ਅਤੇ ਕਿਸਾਨ ਜਾਂ ਸਪਾਂਸਰ ਜਾਂ ਦੋਵਾਂ ਨੂੰ ਉਧਾਰ ਦੇਣ ਦੇ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਕਿਸੇ ਵੀ ਵਿੱਤੀ ਸੇਵਾਵਾਂ ਪ੍ਰਦਾਤਾ ਦੀ ਕਿਸੇ ਵੀ ਯੋਜਨਾ ਦੇ ਤਹਿਤ ਬੀਮਾ ਜਾਂ ਕ੍ਰੈਡਿਟ ਸਾਧਨ ਨਾਲ ਜੋੜਿਆ ਜਾ ਸਕਦਾ ਹੈ।

ਖੇਤੀ ਸਮਝੌਤੇ ਲਈ ਹੋਰ ਧਿਰਾਂ।

**10.** ਜਿਵੇਂ ਐਕਟ ਵਿੱਚ ਦਿੱਤਾ ਗਿਆ ਹੈ, ਐਗਰੀਗੇਟਰ ਜਾਂ ਖੇਤੀ ਸੇਵਾ ਪ੍ਰਦਾਤਾ ਖੇਤੀ ਸਮਝੌਤੇ ਦੀ ਧਿਰ ਬਣ ਸਕਦੇ ਹਨ ਅਤੇ ਅਜਿਹੇ ਮਾਮਲੇ ਵਿੱਚ, ਅਜਿਹੇ ਖੇਤੀ ਸਮਝੌਤੇ 'ਚ ਅਜਿਹੇ ਐਗ੍ਰੀਗੇਟਰ ਜਾਂ ਖੇਤੀ ਸੇਵਾ ਪ੍ਰਦਾਤਾ ਦੀ ਭੂਮਿਕਾ ਅਤੇ ਸੇਵਾਵਾਂ ਦਾ ਸਪੱਸ਼ਟ ਤੌਰ ਤੇ ਜ਼ਿਕਰ ਕੀਤਾ ਜਾਵੇਗਾ।

*ਵਿਆਖਿਆ*-ਇਸ ਅਨੁਭਾਗ ਦੇ ਉਦੇਸ਼ਾਂ ਲਈ, -

(i) “ਐਗ੍ਰੀਗੇਟਰ” ਦਾ ਅਰਥ ਹੈ ਕੋਈ ਵੀ ਵਿਅਕਤੀ, ਇੱਕ ਕਿਸਾਨ ਉਤਪਾਦਕ ਸੰਗਠਨ ਸਮੇਤ, ਜੋ ਇੱਕ ਕਿਸਾਨ ਜਾਂ ਕਿਸਾਨਾਂ ਦੇ ਸਮੂਹ ਅਤੇ ਇੱਕ ਸਪਾਂਸਰ ਵਿਚਕਾਰ ਇੱਕ ਵਿਚੋਲੇ ਵਜੋਂ ਕੰਮ ਕਰਦਾ ਹੈ ਅਤੇ ਕਿਸਾਨਾਂ ਅਤੇ ਸਪਾਂਸਰ ਦੋਵਾਂ ਲਈ ਏਕੀਕਰਣ ਸੰਬੰਧੀ ਸੇਵਾਵਾਂ ਪ੍ਰਦਾਨ ਕਰਦਾ ਹੈ;

(ii) “ਖੇਤੀ ਸੇਵਾ ਪ੍ਰਦਾਤਾ” ਦਾ ਅਰਥ ਹੈ ਕੋਈ ਵੀ ਵਿਅਕਤੀ ਜੋ ਖੇਤੀ ਸੇਵਾਵਾਂ ਪ੍ਰਦਾਨ ਕਰਦਾ ਹੈ।

ਖੇਤੀ ਸਮਝੌਤੇ ਦੀ ਤਬਦੀਲੀ ਜਾਂ ਸਮਾਪਤੀ।

**11**. ਖੇਤੀ ਸਮਝੌਤੇ ਵਿਚ ਦਾਖ਼ਲ ਹੋਣ ਤੋਂ ਬਾਅਦ ਕਿਸੇ ਵੀ ਸਮੇਂ, ਅਜਿਹੇ ਸਮਝੌਤੇ ਦੀਆਂ ਧਿਰਾਂ ਆਪਸੀ ਸਹਿਮਤੀ ਨਾਲ ਕਿਸੇ ਵੀ ਵਾਜਬ ਕਾਰਨ ਕਰਕੇ ਅਜਿਹੇ ਸਮਝੌਤੇ ਨੂੰ ਬਦਲ ਜਾਂ ਖਤਮ ਕਰ ਸਕਦੀਆਂ ਹਨ।

ਰਜਿਸਟ੍ਰੇਸ਼ਨ ਅਥਾਰਟੀ ਦੀ ਸਥਾਪਨਾ।

**12**. (1) ਇੱਕ ਰਾਜ ਸਰਕਾਰ ਇਲੈਕਟ੍ਰਾਨਿਕ ਰਜਿਸਟਰੀ ਲਈ ਇੱਕ ਰਜਿਸਟ੍ਰੇਸ਼ਨ ਅਥਾਰਟੀ ਨੂੰ ਨੋਟੀਫਾਈ ਕਰ ਸਕਦੀ ਹੈ ਉਸ ਰਾਜ ਦੇ ਲਈ ਜੋ ਖੇਤੀ ਸਮਝੌਤਿਆਂ ਦੀ ਰਜਿਸਟ੍ਰੇਸ਼ਨ ਦੇ ਲਈ ਇੱਕ ਢੁਕਵਾਂ ਢਾਂਚਾ ਮੁਹੱਈਆ ਕਰਵਾਉਂਦਾ ਹੈ।

(2) ਰਜਿਸਟ੍ਰੇਸ਼ਨ ਅਥਾਰਟੀ ਦਾ ਗਠਨ, ਢਾਂਚਾ, ਸ਼ਕਤੀਆਂ ਅਤੇ ਕਾਰਜ ਅਤੇ ਰਜਿਸਟ੍ਰੇਸ਼ਨ ਲਈ ਪ੍ਰਕ੍ਰਿਆ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੀ ਜਾ ਸਕਦੀ ਹੈ।

## ਅਧਿਆਇ III

## ਵਿਵਾਦ ਨਿਪਟਾਰਾ

ਵਿਵਾਦ ਨਿਪਟਾਰੇ ਲਈ ਸਮਝੌਤਾ ਬੋਰਡ

**13**. (1) ਹਰੇਕ ਖੇਤੀ ਸਮਝੌਤਾ ਇੱਕ ਸਮਾਧਾਨ ਪ੍ਰਕ੍ਰਿਆ ਅਤੇ ਇੱਕ ਸਮਝੌਤਾ ਬੋਰਡ ਦੇ ਗਠਨ ਲਈ ਸਮਝੌਤੇ ਦੀ ਧਿਰਾਂ ਦੇ ਪ੍ਰਤੀਨਿਧੀਆਂ ਦੇ ਨਾਲ ਮਿਲ ਕੇ ਸਪਸ਼ਟ ਰੂਪ ਵਿਚ ਮੁਹੱਈਆ ਕਰਵਾਏਗਾ:

ਬਸ਼ਰਤੇ ਅਜਿਹੇ ਸਮਝੌਤਾ ਬੋਰਡ ਵਿਚ ਧਿਰਾਂ ਦੀ ਨੁਮਾਇੰਦਗੀ ਨਿਰਪੱਖ ਅਤੇ ਸੰਤੁਲਿਤ ਹੋਵੇ।

(2) ਕਿਸੇ ਵੀ ਖੇਤੀ ਸਮਝੌਤੇ ਤੋਂ ਪੈਦਾ ਹੋਣ ਵਾਲਾ ਵਿਵਾਦ ਸਭ ਤੋਂ ਪਹਿਲਾਂ ਖੇਤੀ ਸਮਝੌਤੇ ਦੀਆਂ ਧਾਰਾਵਾਂ ਦੇ ਅਨੁਸਾਰ ਗਠਿਤ ਸਮਝੌਤਾ ਬੋਰਡ ਨੂੰ ਭੇਜਿਆ ਜਾਵੇਗਾ ਅਤੇ ਇਸ ਤਰ੍ਹਾਂ ਦੇ ਬੋਰਡ ਦੁਆਰਾ ਅਜਿਹੇ ਵਿਵਾਦ ਦਾ ਨਿਪਟਾਰਾ ਕਰਨ ਲਈ ਹਰ ਕੋਸ਼ਿਸ਼ ਕੀਤੀ ਜਾਏਗੀ।

(3) ਕਿਸੀ ਵਿਵਾਦ ਦੇ ਸੰਬੰਧ ਵਿੱਚ, ਸੁਲਾਹ ਕਾਰਵਾਈ ਦੀ ਪ੍ਰਕ੍ਰਿਆ ਦੇ ਦੌਰਾਨ ਇੱਕ ਸਮਝੌਤਾ ਹੁੰਦਾ ਹੈ, ਸਮਝੌਤੇ ਦਾ ਇੱਕ ਮੈਮੋਰੰਡਮ ਉਸ ਅਨੁਸਾਰ ਤਿਆਰ

ਕੀਤਾ ਜਾਵੇਗਾ ਅਤੇ ਧਿਰਾਂ ਦੁਆਰਾ ਅਜਿਹੇ ਵਿਵਾਦ ਲਈ ਦਸਤਖਤ ਕੀਤੇ ਜਾਣਗੇ ਅਤੇ ਇਸ ਤਰ੍ਹਾਂ ਦਾ ਸਮਝੌਤਾ ਧਿਰਾਂ ਲਈ ਲਾਜ਼ਮੀ ਹੋਵੇਗਾ।

ਵਿਵਾਦ ਹੱਲ ਲਈ ਤੰਤਰ

**14**. (1) ਜਿੱਥੇ ਖੇਤੀ ਸਮਝੌਤਾ ਧਾਰਾ 13 ਦੀ ਉਪ-ਧਾਰਾ (1) ਦੇ ਤਹਿਤ ਲੋੜ ਅਨੁਸਾਰ ਸੁਲਾਹ ਦੀ ਪ੍ਰਕਿਰਿਆ ਮੁਹਈਆ ਨਹੀਂ ਕਰਾਉਂਦਾ, ਜਾਂ ਖੇਤੀ ਸਮਝੌਤੇ ਦੀਆਂ ਧਿਰਾਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਉਸ ਧਾਰਾ ਤਹਿਤ ਆਪਣਾ ਵਿਵਾਦ ਸੁਲਝਾਉਣ ਵਿੱਚ ਅਸਫਲ ਰਹਿੰਦੀਆਂ ਹਨ, ਤਾਂ ਅਜਿਹੀ ਕੋਈ ਵੀ ਧਿਰ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਕੋਲ ਪਹੁੰਚ ਸਕਦੀ ਹੈ ਜੋ ਖੇਤੀ ਸਮਝੌਤੇ ਤਹਿਤ ਵਿਵਾਦ ਦਾ ਫੈਸਲਾ ਲੈਣ ਲਈ ਸਬ-ਡਵੀਜ਼ਨਲ ਅਥਾਰਟੀ ਹੋਵੇਗੀ।
(2) ਉਪ-ਧਾਰਾ (1) ਦੇ ਤਹਿਤ ਵਿਵਾਦ ਦੀ ਪ੍ਰਾਪਤੀ ਹੋਣ 'ਤੇ, ਸਬ-ਡਵੀਜ਼ਨਲ ਅਥਾਰਟੀ ਇਹ ਕਰ ਸਕਦੀ ਹੈ, ਜੇਕਰ-

(ੳ) ਸੁਲਾਹ ਪ੍ਰਕ੍ਰਿਆ ਲਈ ਖੇਤੀ ਸਮਝੌਤਾ ਮੁਹਈਆ ਨਹੀਂ ਕਰਵਾਇਆ, ਅਜਿਹੇ ਵਿਵਾਦ ਦੇ ਨਿਪਟਾਰੇ ਲਈ ਇੱਕ ਸਹਿਮਤੀ ਬੋਰਡ ਦਾ ਗਠਨ; ਜਾਂ

(ਅ) ਧਿਰਾਂ ਸੁਲਾਹ ਪ੍ਰਕ੍ਰਿਆ ਦੇ ਰਾਹੀਂ ਅੱਪਣੇ ਵਿਵਾਦ ਦੇ ਨਿਪਟਾਰੇ 'ਚ ਅਸਫਲ ਰਹਿੰਦੀਆਂ ਹਨ, ਇਸ ਤਰ੍ਹਾਂ ਦੇ ਵਿਵਾਦ ਦੀ ਪ੍ਰਾਪਤੀ ਦੀ ਤਾਰੀਖ ਤੋਂ ਤੀਹ ਦਿਨਾਂ ਦੇ ਅੰਦਰ ਸੰਖੇਪ ਢੰਗ ਨਾਲ ਵਿਵਾਦ ਦਾ ਫੈਸਲਾ ਕਰਨ, ਧਿਰਾਂ ਨੂੰ ਸੁਣਵਾਈ ਦਾ ਉਚਿੱਤ ਅਵਸਰ ਦੇਣ ਤੋਂ ਬਾਅਦ ਅਤੇ ਵਿਵਾਦ ਦੇ ਤਹਿਤ ਰਾਸ਼ੀ ਦੀ ਵਸੂਲੀ ਲਈ ਇੱਕ ਆਦੇਸ਼ ਪਾਸ ਕਰਨ, ਇਸ ਤਰ੍ਹਾਂ ਦੇ ਜ਼ੁਰਮਾਨੇ ਅਤੇ ਵਿਆਜ਼ ਦੇ ਨਾਲ, ਜਿਵੇਂ ਇਹ ਉਪਯੁਕਤ ਮੰਨਿਆ ਜਾਂਦਾ ਹੈ, ਹੇਠ ਲਿੱਖੀਆਂ ਸ਼ਰਤਾਂ ਦੇ ਅਧੀਨ, ਅਰਥਾਤ:---

(i) ਜਿੱਥੇ ਸਪਾਂਸਰ ਕਿਸਾਨ ਦੀ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹਿੰਦਾ ਹੈ, ਅਜਿਹਾ ਜ਼ੁਰਮਾਨਾ ਬਕਾਇਆ ਰਕਮ ਦਾ ਡੇਢ ਗੁਣਾ ਤੱਕ ਵੱਧ ਸਕਦਾ ਹੈ;

(ii) ਜਿੱਥੇ ਕਿਸੇ ਵੀ ਪੇਸ਼ਗੀ ਭੁਗਤਾਨ ਜਾਂ ਇੰਨਪੁੱਟਸ ਦੀ ਲਾਗਤ ਦੇ ਕਾਰਣ ਸਪਾਂਸਰ ਦੀ ਬਕਾਇਆ ਰਾਸ਼ੀ ਦੀ ਵਸੂਲੀ ਲਈ ਕਿਸਾਨ ਦੇ ਖਿਲਾਫ ਆਦੇਸ਼ ਹੈ, ਖੇਤੀ ਸਮਝੌਤੇ ਦੀ ਸ਼ਰਤਾਂ ਅਨੁਸਾਰ, ਅਜਿਹੀ ਰਾਸ਼ੀ ਸਪਾਂਸਰ ਦੁਆਰਾ ਕੀਤੀ ਗਈ ਅਸਲ ਲਾਗਤ ਤੋਂ ਵੱਧ ਨਹੀਂ ਹੋਵੇਗੀ;

(iii) ਜਿੱਥੇ ਖੇਤੀ ਸਮਝੌਤਾ ਐਕਟ ਦੇ ਪ੍ਰਾਵਧਾਨਾਂ ਦੀ ਉਲੰਘਣਾ 'ਚ ਵਿਵਾਦ ਵਿਚ ਹੈ, ਜਾਂ ਅਪ੍ਰਤਆਸ਼ਿਤ ਘਟਨਾ ਦੇ ਕਾਰਣ ਕਿਸਾਨ ਦਾ ਡਿਫਾਲਟ ਹੈ, ਤਾਂ, ਕਿਸਾਨ ਦੇ ਖਿਲਾਫ ਰਕਮ ਦੀ ਵਸੂਲੀ ਲਈ ਕੋਈ ਵੀ ਆਦੇਸ਼ ਪਾਰਿਤ ਨਹੀਂ ਕੀਤਾ ਜਾਵੇਗਾ।

1908 ਦਾ 5

(3) ਇਸ ਧਾਰਾ ਦੇ ਅਧੀਨ ਉੱਪ ਮੰਡਲ ਅਥਾਰਿਟੀ ਦੁਆਰਾ ਪਾਰਿਤ ਕੀਤਾ ਗਿਆ ਹਰੇਕ ਆਦੇਸ਼ ਸਿਵਲ ਕੋਰਟ ਦੀ ਡਿਕਰੀ ਦੇ ਸਮਾਨ ਉਹੀ ਤਾਕਤ ਰੱਖੇਗਾ ਅਤੇ ਸਿਵਲ ਪਰੋਸੀਜਰ, 1908 ਦੇ ਕੋਡ ਦੇ ਤਹਿਤ ਇੱਕ ਡਿਕਰੀ ਦੇ ਢੰਗ ਦੇ ਸਮਾਨ ਹੀ ਲਾਗੂ ਕਰਨ ਯੋਗ ਹੋਵੇਗਾ, ਜਦ ਤੱਕ ਸਬ-ਸੈਕਸ਼ਨ (4) ਦੇ ਤਹਿਤ ਕੋਈ ਅਪੀਲ ਨਹੀਂ ਕੀਤੀ ਜਾਂਦੀ।
(4) ਸਬ-ਡਵੀਜ਼ਨਲ ਅਥਾਰਟੀ ਦੇ ਆਦੇਸ਼ ਤੋਂ ਅਸੰਤੁਸ਼ਟ ਕੋਈ ਵੀ ਧਿਰ ਅਪੀਲ ਅਥਾਰਟੀ ਨੂੰ ਅਪੀਲ ਕਰ ਸਕਦੀ ਹੈ, ਜਿਸਦੀ ਪ੍ਰਧਾਨਗੀ ਕੁਲੈਕਟਰ ਜਾਂ ਕੁਲੈਕਟਰ ਦੁਆਰਾ ਨਾਮਜ਼ਦ ਵਧੀਕ ਕੁਲੈਕਟਰ ਦੁਆਰਾ ਕੀਤੀ ਜਾਏਗੀ, ਅਜਿਹੇ ਆਦੇਸ਼ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ।

(5) ਅਪੀਲ ਅਥਾਰਟੀ ਤੀਹ ਦਿਨਾਂ ਦੇ ਅੰਦਰ ਅਪੀਲ ਦਾ ਨਿਪਟਾਰਾ ਕਰ ਦੇਵੇਗੀ।

1908 ਦਾ 5

(6) ਇਸ ਧਾਰਾ ਦੇ ਅਧੀਨ ਅਪੀਲ ਅਥਾਰਿਟੀ ਦੁਆਰਾ ਪਾਰਿਤ ਕੀਤਾ ਗਿਆ ਹਰੇਕ ਆਦੇਸ਼ ਸਿਵਲ ਕੋਰਟ ਦੀ ਇੱਕ ਡਿਕਰੀ ਦੇ ਸਮਾਨ ਉਹੀ ਤਾਕਤ ਰੱਖੇਗਾ ਅਤੇ ਸਿਵਲ ਪਰੋਸੀਜਰ, 1908 ਦੇ ਕੋਡ ਦੇ ਤਹਿਤ ਇੱਕ ਡਿਕਰੀ ਦੇ ਢੰਗ ਦੇ ਸਮਾਨ ਹੀ ਲਾਗੂ ਕਰਨ ਯੋਗ ਹੋਵੇਗਾ।

(7) ਉੱਪ ਮੰਡਲ ਅਥਾਰਟੀ ਜਾਂ ਅਪੀਲ ਅਥਾਰਟੀ ਦੁਆਰਾ ਪਾਰਿਤ ਕੀਤੇ ਕਿਸੇ ਵੀ ਆਦੇਸ਼ ਦੇ ਤਹਿਤ ਭੁਗਤਾਨ ਯੋਗ ਰਕਮ ਨੂੰ, ਜਿਵੇਂ ਕਿ ਮਾਮਲਾ ਹੋ ਸਕਦਾ ਹੈ, ਜ਼ਮੀਨੀ ਮਾਲੀਆ ਦੇ ਬਕਾਏ ਵਜੋਂ ਵਸੂਲਿਆ ਜਾ ਸਕਦਾ ਹੈ।

(8) ਉੱਪ ਮੰਡਲ ਅਥਾਰਟੀ ਜਾਂ ਅਪੀਲ ਅਥਾਰਟੀ ਕੋਲ ਇਸ ਧਾਰਾ ਦੇ ਤਹਿਤ ਵਿਵਾਦਾਂ ਦਾ ਫੈਸਲਾ ਲੈਂਦੇ ਸਮੇਂ, ਸਹੁੰ ਉੱਤੇ ਸਬੂਤ ਲੈਣ ਦੇ ਉਦੇਸ਼ਾਂ ਲਈ, ਗਵਾਹਾਂ ਦੀ ਹਾਜ਼ਿਰੀ ਨੂੰ ਲਾਗੂ ਕਰਨ, ਖੋਜ ਅਤੇ ਦਸਤਾਵੇਜ਼ਾਂ ਦੀ ਪ੍ਰਸਤੁਤੀ ਅਤੇ ਸਮੱਗਰੀ ਮਜ਼ਮੂਨ ਲਈ ਮਜਬੂਰ ਕਰਨ ਅਤੇ ਅਜਿਹੇ ਹੋਰ ਉਦੇਸ਼ਾਂ ਲਈ ਇੱਕ ਸਿਵਲ ਕੋਰਟ ਦੇ ਸਾਰੇ ਅਧਿਕਾਰ ਹਨ ਜਿਵੇਂ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤਾ ਜਾ ਸਕਦਾ ਹੈ।

(9) ਉੱਪ ਮੰਡਲ ਅਥਾਰਿਟੀ ਅੱਗੇ ਇੱਕ ਪਟੀਸ਼ਨ ਜਾਂ ਇੱਕ ਅਰਜ਼ੀ ਅਤੇ ਅਪੀਲ ਅਥਾਰਿਟੀ ਅੱਗੇ ਇੱਕ ਅਪੀਲ ਦਾਇਰ ਕਰਨ ਲਈ ਢੰਗ ਅਤੇ ਪ੍ਰਕ੍ਰਿਆ ਅਜਿਹੀ ਹੋਵੇਗੀ ਜੋ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਜਾ ਸਕਦੀ ਹੈ।

ਕਿਸਾਨ ਦੀ ਜ਼ਮੀਨ ਵਿਰੁੱਧ ਵਸੂਲੀ ਲਈ ਕੋਈ ਕਾਰਵਾਈ ਨਹੀਂ।

**15**. ਧਾਰਾ 14 ਵਿੱਚ ਕੁਝ ਵੀ ਹੋਣ ਦੇ ਬਾਵਜੂਦ, ਕਿਸੇ ਵੀ ਬਕਾਇਆ ਰਾਸ਼ੀ ਦੀ ਵਸੂਲੀ ਲਈ ਇਸ ਧਾਰਾ ਦੇ ਤਹਿਤ ਪਾਸ ਹੋਏ ਇੱਕ ਆਦੇਸ਼ ਦੀ ਪੈਰਵੀ

ਵਿੱਚ, ਕਿਸਾਨ ਦੀ ਖੇਤੀਬਾੜੀ ਦੀ ਜ਼ਮੀਨ ਦੇ ਵਿਰੁੱਧ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਵੇਗੀ।

## ਅਧਿਆਇ IV

## ਫੁੱਟਕਲ

ਦਿਸ਼ਾ-ਨਿਰਦੇਸ਼ ਦੇਣ ਲਈ ਕੇਂਦਰ ਸਰਕਾਰ ਦੀਆਂ ਸ਼ਕਤੀਆਂ

**16**. ਕੇਂਦਰ ਸਰਕਾਰ ਸਮੇਂ-ਸਮੇਂ 'ਤੇ ਅਜਿਹੇ ਦਿਸ਼ਾ-ਨਿਰਦੇਸ਼ ਦੇ ਸਕਦੀ ਹੈ, ਜਿਵੇਂ ਕਿ ਇਹ ਵਿਚਾਰ ਕਰਨਾ ਜਰੂਰੀ ਹੋ ਸਕਦਾ ਹੈ, ਰਾਜ ਸਰਕਾਰਾਂ ਨੂੰ ਇਸ ਐਕਟ ਦੇ ਪ੍ਰਾਵਧਾਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਅਤੇ ਰਾਜ ਸਰਕਾਰਾਂ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰਨਗੀਆਂ।

ਐਕਟਤਹਿਤ ਲੋਕ ਸੇਵਕ ਹੋਣ ਲਈ ਅਥਾਰਟੀਆਂ

1860 ਦਾ 45 **17**. ਇਸ ਐਕਟ ਦੇ ਅਧੀਨ ਗਠਿਤ ਜਾਂ ਨਿਰਧਾਰਤ, ਰਜਿਸਟ੍ਰੇਸ਼ਨ ਅਥਾਰਟੀ, ਸਬ-ਡਵੀਜ਼ਨਲ ਅਥਾਰਟੀ ਅਤੇ ਅਪੀਲ ਅਥਾਰਟੀ ਸਮੇਤ ਸਾਰੀਆਂ ਅਥਾਰਟੀਆਂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 21 ਦੇ ਅਰਥ ਵਿੱਚ ਜਨਤਕ ਸੇਵਕ ਮੰਨਿਆ ਜਾਵੇਗਾ।

ਚੰਗੇ ਵਿਸ਼ਵਾਸ ਨਾਲ ਕੀਤੀ ਗਈ ਕਾਰਵਾਈ ਦਾ ਬਚਾਵ।

**18.** ਕੋਈ ਵੀ ਮੁਕਦੱਮਾ, ਕਾਰਵਾਹੀ ਜਾਂ ਹੋਰ ਕੋਈ ਕਾਨੂੰਨੀ ਕਾਰਵਾਹੀ ਕੇਂਦਰ ਸਰਕਾਰ, ਰਾਜ ਸਰਕਾਰ, ਰਜਿਸਟ੍ਰੇਸ਼ਨ ਅਥਾਰਿਟੀ, ਉੱਪ-ਮੰਡਲ ਅਥਾਰਿਟੀ, ਅਪੀਲ ਅਥਾਰਿਟੀ ਜਾਂ ਕਿਸੇ ਵੀ ਹੋਰ ਵਿਅਕਤੀ ਜਿਸਨੇ ਚੰਗੇ ਵਿਸ਼ਵਾਸ 'ਚ ਕੁਝ ਕੀਤਾ ਹੈ ਜਾਂ ਕਰਨ ਦਾ ਇਰਾਦਾ ਹੈ, ਦੇ ਖਿਲਾਫ ਇਸ ਐਕਟ ਦੇ ਪ੍ਰਾਵਧਾਨਾਂ ਜਾਂ ਇਸਦੇ ਆਧਾਰ 'ਤੇ ਬਣੇ ਕਿਸੇ ਵੀ ਨਿਯਮ ਦੇ ਅਧੀਨ ਨਹੀਂ ਕੀਤੀ ਜਾਵੇਗੀ।

ਸਿਵਲ ਕੋਰਟ ਦੇ ਅਧਿਕਾਰ ਖੇਤਰ ਦੀ ਰੋਕ।

**19**. ਕੋਈ ਵੀ ਸਿਵਲ ਕੋਰਟ ਕਿਸੇ ਵੀ ਵਿਵਾਦ ਦੇ ਸੰਬੰਧ ਵਿੱਚ ਕਿਸੇ ਵੀ ਮੁਕਦੱਮੇ ਜਾਂ ਕਾਰਵਾਹੀ ਨੂੰ ਲੈਣ ਦਾ ਅਧਿਕਾਰ ਖੇਤਰ ਨਹੀਂ ਰੱਖੇਗੀ ਜਿਸ ਵਿੱਚ ਇੱਕ ਉੱਪ ਮੰਡਲ ਅਥਾਰਿਟੀ ਜਾਂ ਅਪੀਲ ਅਥਾਰਿਟੀ ਨੂੰ ਫੈਸਲੇ ਲਈ ਇਸ ਐਕਟ ਦੇ ਤਹਿਤ ਮਜ਼ਬੂਤ ਕੀਤਾ ਗਿਆ ਹੈ ਅਤੇ ਕਿਸੇ ਵੀ ਅਦਾਲਤ ਜਾਂ ਹੋਰ ਕਿਸੇ ਅਥਾਰਿਟੀ ਦੁਆਰਾ ਕੋਈ ਵੀ ਕਾਰਵਾਈ ਕਰਨ ਜਾਂ ਲੈਣ ਦੇ ਸੰਬੰਧ ਵਿੱਚ ਇਸ ਐਕਟ ਜਾਂ ਇਸਦੇ ਆਧਾਰ 'ਤੇ ਬਣਾਏ ਗਏ ਕਿਸੀ ਨਿਯਮਾਂ ਦੇ ਅਧੀਨ ਪ੍ਰਦਾਨ ਕੀਤੀ ਸ਼ਕਤੀ ਦੀ ਪਾਲਣਾ ਵਿੱਚ ਕੋਈ ਵੀ ਹੁਕਮ ਨਹੀਂ ਦਿੱਤਾ ਜਾਵੇਗਾ।

ਇੱਕ ਅਤਿ ਮਹਤੱਵਪੂਰਨ ਪ੍ਰਭਾਵ ਰੱਖਣ ਵਾਲਾ ਐਕਟ

**20**. ਇਸ ਐਕਟ ਦੇ ਪ੍ਰਾਵਧਾਨ ਕਿਸੇ ਵੀ ਰਾਜ ਕਾਨੂੰਨ 'ਚ ਕੁਝ ਵੀ ਅਸੰਗਤ ਹੋਣ ਦੇ ਬਾਵਜੂਦ ਇਸਦੇ ਨਾਲ ਸਮਿੱਲਤ ਹੋਂਦੇ ਹੋਏ ਉਹਨੇ ਸਮੇਂ ਲਈ ਲਾਗੂ ਰਹਿਣਗੇ ਜਾਂ ਇਸ ਐਕਟ ਤੋਂ ਅਲੱਗ ਕੋਈ ਵੀ ਅਜਿਹਾ ਕ਼ਾਨੂਨ ਕਿਸੇ ਵੀ ਪ੍ਰਪੱਤਰ 'ਚ ਵਿਸ਼ੇਸ਼ਤਾ ਨਾਲ ਪ੍ਰਭਾਵ ਰੱਖਦਾ ਹੋਵੇ:

ਬਸ਼ਰਤੇ ਕਿ ਇੱਕ ਖੇਤੀ ਸਮਝੌਤਾ ਜਾਂ ਅਜਿਹਾ ਠੇਕਾ ਥੋੜੇ ਉਹਨੇ ਸਮੇਂ ਲਈ ਪਾਲਣਾ ਲਈ ਕਿਸੇ ਵੀ ਰਾਜ ਕ਼ਾਨੂਨ ਅਧੀਨ ਦਰਜ਼ ਕੀਤਾ ਹੋਵੇ, ਇਸ ਐਕਟ

ਦੇ ਲਾਗੂ ਹੋਣ ਦੀ ਮਿਤੀ ਤੋਂ ਪਹਿਲਾਂ, ਅਜਿਹੇ ਸਮਝੌਤੇ ਜਾਂ ਠੇਕੇ ਦੀ ਅਵਧੀ ਲਈ ਵੈਧ ਰਹੇਗਾ।

ਐਕਟ ਸਟਾਕ ਐਕਸਚੇਂਜ ਅਤੇ ਕਲੀਅਰਿੰਗ ਕਾਰਪੋਰੇਸ਼ਨਾਂ 'ਤੇ ਲਾਗੂ ਨਹੀਂ

**21**. ਇਸ ਐਕਟ ਵਿੱਚਲਾ ਕੁਝ ਵੀ ਸਟਾਕ ਐਕਸਚੇਂਜਾਂ ਅਤੇ ਕਲੀਅਰਿੰਗ ਕਾਰਪੋਰੇਸ਼ਨਾਂ ਜੋ ਸਿਕਿਉਰਟੀਜ਼ ਕੰਟਰੈਕਟਸ (ਰੈਗੂਲੇਸ਼ਨ) ਐਕਟ, 1956 ਦੇ ਤਹਿਤ ਮਾਨਤਾ ਪ੍ਰਾਪਤ ਹਨ ਅਤੇ ਇਸ ਵਿੱਚ ਕੀਤੇ ਲੈਣ-ਦੇਣ ਉੱਤੇ ਲਾਗੂ ਨਹੀਂ ਹੋਵੇਗਾ।

ਨਿਯਮ ਬਣਾਉਣ ਲਈ ਕੇਂਦਰ ਸਰਕਾਰ ਦੀਆਂ ਸ਼ਕਤੀਆਂ

**22**. (1) ਕੇਂਦਰ ਸਰਕਾਰ, ਅਧਿਕਾਰਤ ਗਜ਼ਟ ਵਿਚ ਨੋਟੀਫਿਕੇਸ਼ਨ ਰਾਹੀਂ, ਇਸ ਐਕਟ ਦੇ ਪ੍ਰਾਵਧਾਨਾਂ ਦੀ ਪਾਲਣਾ ਲਈ ਨਿਯਮ ਬਣਾ ਸਕਦੀ ਹੈ।

(2) ਵਿਸ਼ੇਸ਼ ਰੂਪ 'ਤੇ, ਅਤੇ ਪਹਿਲਾਂ ਦੀਆਂ ਸ਼ਕਤੀਆਂ ਦੀ ਵਿਆਪਕਤਾ ਉੱਤੇ ਵਿਪਰੀਤ ਅਸਰ ਪਾਏ ਬਿਨਾਂ, ਅਜਿਹੇ ਨਿਯਮਾਂ ਨੂੰ ਸਾਰਿਆਂ ਨੂੰ ਜਾਂ ਨਿਮਨਲਿੱਖਤ ਮਾਮਲਿਆਂ 'ਚੋਂ ਕਿਸੇ ਨੂੰ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ ਅਰਥਾਤ: -

(ੳ) ਦੂਸਰੇ ਉਦੇਸ਼ਾਂ ਜਿਨ੍ਹਾਂ ਲਈ ਉਪ-ਮੰਡਲ ਅਥਾਰਟੀ ਜਾਂ ਅਪੀਲ ਅਥਾਰਟੀ ਕੋਲ ਧਾਰਾ 14 ਦੀ ਉਪ-ਧਾਰਾ (8) ਅਧੀਨ ਸਿਵਲ ਕੋਰਟ ਦੀਆਂ ਸ਼ਕਤੀਆਂ ਹੋਣਗੀਆਂ;

(ਅ) ਧਾਰਾ 14 ਦੀ ਉਪ-ਧਾਰਾ (9) ਦੇ ਅਧੀਨ ਉੱਪ-ਮੰਡਲ ਅਥਾਰਟੀ ਸਾਹਮਣੇ ਪਟੀਸ਼ਨ ਜਾਂ ਅਰਜ਼ੀ ਦਾਖਿਲ ਕਰਨ ਲਈ, ਅਤੇ ਅਪੀਲ ਅਥਾਰਟੀ ਅੱਗੇ ਇੱਕ ਅਪੀਲ ਲਈ ਢੰਗ ਅਤੇ ਪ੍ਰਕ੍ਰਿਆ;

(ੲ) ਕੋਈ ਹੋਰ ਮਾਮਲਾ ਜੋ ਹੋਣਾ ਹੈ, ਜਾਂ ਹੋ ਸਕਦਾ ਹੈ, ਨਿਰਧਾਰਤ, ਜਾਂ ਜਿਸ ਪ੍ਰਾਵਧਾਨ ਦੇ ਲਈ ਬਣਾਇਆ ਗਿਆ ਹੈ ਦੇ ਸੰਬੰਧ ਵਿੱਚ, ਨਿਯਮਾਂ ਦੁਆਰਾ, ਕੇਂਦਰ ਸਰਕਾਰ ਦੁਆਰਾ।

3) ਇਸ ਐਕਟ ਦੇ ਤਹਿਤ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਹਰ ਨਿਯਮ ਨੂੰ, ਇਸ ਦੇ ਬਣਨ ਤੋਂ ਬਾਅਦ ਜਿਹਣੀਂ ਵੀ ਜਲਦੀ ਹੋ ਸਕੇ, ਸੰਸਦ ਦੇ ਹਰੇਕ ਸਦਨ ਦੇ ਸਾਹਮਣੇ ਰੱਖਿਆ ਜਾਵੇਗਾ, ਜਦੋਂ ਇਹ ਸੈਸ਼ਨ ਵਿਚ ਹੁੰਦਾ ਹੈ, ਤੀਹ ਦਿਨਾਂ ਦੀ ਕੁੱਲ ਅਵਧੀ ਲਈ ਜੋ ਇੱਕ ਸੈਸ਼ਨ ਵਿੱਚ ਜਾਂ ਦੋ ਜਾਂ ਵਧੇਰੇ ਸੈਸ਼ਨਾਂ ਵਿੱਚ ਸ਼ਾਮਲ ਹੋ ਸਕਦਾ ਹੈ, ਅਤੇ ਜੇਕਰ, ਸੈਸ਼ਨ ਦੀ ਸਮਾਪਤੀ ਤੋਂ ਤੁਰੰਤ ਪਹਿਲਾਂ ਸੈਸ਼ਨ ਦੇ ਬਾਅਦ ਜਾਂ ਉਪਰੋਕਤ ਸੈਸ਼ਨਾਂ ਦੇ ਅਗਲੇ ਸੈਸ਼ਨਾਂ ਤੋਂ ਪਹਿਲਾਂ, ਦੋਵੇਂ ਸਦਨ ਨਿਯਮ ਵਿਚ ਕੋਈ ਤਬਦੀਲੀ ਕਰਨ ਲਈ ਸਹਿਮਤ ਹਨ ਜਾਂ ਦੋਵੇਂ ਸਦਨ ਸਹਿਮਤ ਹਨ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਇਸ ਤੋਂ ਬਾਅਦ ਨਿਯਮ ਸਿਰਫ ਅਜਿਹੇ ਸੋਧੇ ਹੋਏ ਰੂਪ ਵਿਚ ਪ੍ਰਭਾਵਤ ਹੋਵੇਗਾ ਜਾਂ ਕੋਈ ਪ੍ਰਭਾਵ ਨਹੀਂ ਹੋਵੇਗਾ, ਜਿਵੇਂ ਕਿ ਮਾਮਲਾ ਹੋ ਸਕਦਾ ਹੈ; ਇਸ ਲਈ,

ਹਾਲਾਂਕਿ, ਅਜਿਹੀ ਕੋਈ ਤਰਮੀਮ ਜਾਂ ਅਲੋਪ ਇਸ ਨਿਯਮ ਦੇ ਅਧੀਨ ਪਹਿਲਾਂ ਤੋਂ ਕੀਤੇ ਕਿਸੇ ਵੀ ਕੰਮਕਾਰ ਉੱਪਰ ਬਿਨਾਂ ਵਿਪਰੀਤ ਪ੍ਰਭਾਵ ਪਾਏ ਹੋਵੇਗਾ।

ਨਿਯਮ ਬਣਾਉਣ ਲਈ ਰਾਜ ਸਰਕਾਰ ਦੀਆਂ ਸ਼ਕਤੀਆਂ

**23.** (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਰਾਹੀਂ, ਇਸ ਐਕਟ ਦੇ ਪ੍ਰਾਵਧਾਨਾਂ ਦੀ ਪਾਲਣਾ ਲਈ ਨਿਯਮ ਬਣਾ ਸਕਦੀ ਹੈ।

(2) ਵਿਸ਼ੇਸ਼ ਰੂਪ 'ਤੇ, ਅਤੇ ਪਹਿਲਾਂ ਦੀਆਂ ਸ਼ਕਤੀਆਂ ਦੀ ਵਿਆਪਕਤਾ ਉੱਤੇ ਵਿਪਰੀਤ ਅਸਰ ਪਾਏ ਬਿਨਾਂ, ਅਜਿਹੇ ਨਿਯਮਾਂ ਨੂੰ ਸਾਰਿਆਂ ਨੂੰ ਜਾਂ ਨਿਮਨਲਿੱਖਤ ਮਾਮਲਿਆਂ 'ਚੋਂ ਕਿਸੇ ਨੂੰ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ, ਅਰਥਾਤ: -

(ੳ) ਧਾਰਾ 6 ਦੀ ਉਪ-ਧਾਰਾ (4) ਦੇ ਅਧੀਨ ਕਿਸਾਨ ਨੂੰ ਭੁਗਤਾਨ ਦੀ ਵਿਧੀ ਅਤੇ ਢੰਗ;

(ਅ) ਰਜਿਸਟ੍ਰੇਸ਼ਨ ਅਥਾਰਟੀ ਦਾ ਸੰਵਿਧਾਨ, ਗਠਨ, ਸ਼ਕਤੀਆਂ ਅਤੇ ਕਾਰਜ, ਅਤੇ ਧਾਰਾ 12 ਦੀ ਉਪ-ਧਾਰਾ (2) ਦੇ ਅਧੀਨ ਰਜਿਸਟ੍ਰੇਸ਼ਨ ਲਈ ਕਾਰਜ ਵਿਧੀ:

(ੲ) ਕੋਈ ਹੋਰ ਮਾਮਲਾ ਜੋ ਹੋਣਾ ਹੈ, ਜਾਂ ਹੋ ਸਕਦਾ ਹੈ, ਨਿਰਧਾਰਤ, ਜਾਂ ਜਿਸ ਪ੍ਰਾਵਧਾਨ ਦੇ ਲਈ ਬਣਾਇਆ ਗਿਆ ਹੈ ਦੇ ਸੰਬੰਧ ਵਿੱਚ, ਨਿਯਮਾਂ ਦੁਆਰਾ, ਰਾਜ ਸਰਕਾਰ ਦੁਆਰਾ।

(3) ਇਸ ਐਕਟ ਦੇ ਅਧੀਨ ਰਾਜ ਸਰਕਾਰ ਦੁਆਰਾ ਬਣਾਇਆ ਹਰ ਨਿਯਮ ਰੱਖਿਆ ਜਾਵੇਗਾ, ਇਸ ਦੇ ਬਣਨ ਤੋਂ ਬਾਅਦ ਜਿਹਣੀਂ ਜਲਦੀ ਹੋ ਸਕਦਾ ਹੈ, ਰਾਜ ਵਿਧਾਨ ਮੰਡਲ ਦੇ ਹਰੇਕ ਸਦਨ ਦੇ ਸਾਹਮਣੇ ਜਿੱਥੇ ਇਹ ਦੋ ਸਦਨਾਂ ਨਾਲ ਮਿਲਕੇ ਬਣਿਆ ਹੋਵੇ, ਜਾਂ ਜਿੱਥੇ ਅਜਿਹਾ ਵਿਧਾਨ ਮੰਡਲ ਇੱਕ ਸਦਨ ਨਾਲ ਮਿਲਕੇ ਬਣਿਆ ਹੋਵੇ, ਉਸ ਸਦਨ ਦੇ ਮੂਹਰੇ।

ਕਠਿਨਾਈਆਂ ਨੂੰ ਹਟਾਉਣ ਲਈ ਸ਼ਕਤੀ

**24**. (1) ਜੇਕਰ ਇਸ ਐਕਟ ਦੇ ਪ੍ਰਾਵਧਾਨਾਂ ਨੂੰ ਪ੍ਰਭਾਵੀ ਕਰਨ ਵਿੱਚ ਕੋਈ ਕਠਿਨਾਈ ਆਉਂਦੀ ਹੈ, ਤਾਂ ਕੇਂਦਰ ਸਰਕਾਰ, ਸਰਕਾਰੀ ਗਜ਼ਟ 'ਚ ਆਦੇਸ਼ ਪ੍ਰਕਾਸ਼ਿਤ ਕਰਕੇ, ਅਜਿਹੇ ਪ੍ਰਾਵਧਾਨ ਬਣਾ ਸਕਦੀ ਹੈ, ਜੋ ਇਸ ਐਕਟ ਦੇ ਪ੍ਰਾਵਧਾਨਾਂ ਦੇ ਨਾਲ ਅਸੰਗਤ ਨਹੀਂ ਹਨ, ਜਿਵੇਂ ਕਿ ਇਹ ਕਠਿਨਾਈ ਨੂੰ ਹਟਾਉਣਾ ਜ਼ਰੂਰੀ ਲੱਗਦਾ ਹੈ।

(2) ਇਸ ਧਾਰਾ ਦੇ ਅਧੀਨ ਬਣਿਆ ਹਰੇਕ ਆਦੇਸ਼, ਇਸ ਦੇ ਬਣਨ ਤੋਂ ਬਾਅਦ ਜਿਹਣੀਂ ਜਲਦੀ ਹੋ ਸਕਦਾ ਹੈ, ਸੰਸਦ ਦੇ ਹਰੇਕ ਸਦਨ ਦੇ ਮੂਹਰੇ ਰੱਖਿਆ ਜਾਵੇਗਾ। 2020 ਦਾ ਆਰਡਰ10

25. (1) ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਮੁੱਲ ਬੀਮਾ ਅਤੇ ਖੇਤੀ ਸੇਵਾਵਾਂ ਆਰਡੀਨੈਂਸ, 2020 ' ਨੂੰ ਇਸ ਤਰ੍ਹਾਂ ਰੱਦ ਕਰ ਦਿੱਤਾ ਗਿਆ ਹੈ.

2020 ਦਾ ਆਰਡਰ11

(2) ਇਸ ਰੱਦ ਹੋਣ ਦੇ ਬਾਵਜੂਦ, ਉਕਤ ਆਰਡੀਨੈਂਸ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਮੁੱਲ ਬੀਮਾ ਅਤੇ ਖੇਤੀ ਸੇਵਾਵਾਂ ਉੱਤੇ ਐਕਟ, 2020 ਦੇ ਤਹਿਤ ਕੁਝ ਵੀ ਕਾਰਵਾਈ ਕੀਤੀ ਗਈ ਜਾਂ ਕੋਈ ਵੀ ਐਕਸ਼ਨ ਲੀਤੀ ਗਈ , ਇਸ ਐਕਟ ਦੀਆਂ ਅਨੁਸਾਰੀ ਧਾਰਾਵਾਂ ਤਹਿਤ ਕੀਤੀ ਗਈ ਜਾਂ ਲੀਤੀ ਗਈ ਮੰਨੀ ਜਾਏਗੀ।

--------------------------

ਡਾ. ਜੀ. ਨਾਰਾਇਣ ਰਾਜੂ,
ਭਾਰਤ ਸਰਕਾਰ ਦੇ ਸਕੱਤਰ